# ਭਾਈਚਾਰੇ ਲਈ ਜੰਗਲੀ ਅੱਗ ਤੋਂ ਸੁਰੱਖਿਆ ਦਾ ਪ੍ਰੋਗਰਾਮ

## ਸਸ਼ਕਤੀਕਰਨ ਵਿੱਚ ਸੁਧਾਰ ਕਰਨਾ

ਜੂਨ 2020

## ਜੰਗਲੀ ਅੱਗਾਂ ਤੋਂ ਭਾਈਚਾਰਿਆਂ ਨੂੰ ਬਚਾਉਣ ਲਈ ਮਿਲਕੇ ਕੰਮ ਕਰਨਾ

**ਸਾਡੇ ਪ੍ਰਾਂਤ ਨੂੰ ਦਰਪੇਸ਼ ਜੰਗਲੀ ਅੱਗ ਦੇ ਵਧੇ ਹੋਏ ਖਤਰੇ ਨਾਲ, PG&E ਜੰਗਲੀ ਅੱਗਾਂ ਦੇ ਖਤਰਿਆਂ ਨੂੰ ਘਟਾਉਣ ਲਈ ਅਤੇ ਸਾਡੇ ਗਾਹਕਾਂ ਅਤੇ ਭਾਈਚਾਰਿਆਂ ਨੂੰ ਸਲਾਮਤ ਰੱਖਣ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਵਧਾ ਰਹੀ ਹੈ ਅਤੇ ਇਹਨਾਂ ਦਾ ਵਿਸਤਾਰ ਕਰ ਰਹੀ ਹੈ। ਇਹਨਾਂ ਕੋਸ਼ਿਸ਼ਾਂ ਦੇ ਭਾਗ ਵਜੋਂ, ਜੇ ਤੀਬਰ ਮੌਸਮ ਬਿਜਲੀ ਪ੍ਰਣਾਲੀ ਦੇ ਕਿਸੇ ਭਾਗ ਲਈ ਖਤਰਾ ਬਣਦਾ ਹੈ, ਜਿਸ ਵਿੱਚ ਅੱਗ ਲੱਗਣ ਦਾ ਸੰਭਾਵੀ ਖਤਰਾ ਵੀ ਸ਼ਾਮਲ ਹੈ, ਤਾਂ PG&E ਵਾਸਤੇ ਜਨਤਕ ਸਲਾਮਤੀ ਦੇ ਹਿੱਤ ਵਿੱਚ ਬਿਜਲੀ ਸਪਲਾਈ ਬੰਦ ਕਰਨਾ ਜ਼ਰੂਰੀ ਹੋ ਸਕਦਾ ਹੈ। ਇਸਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ [Public Safety Power Shutoff – (PSPS)] ਕਿਹਾ ਜਾਂਦਾ ਹੈ।**



## ਜਨਤਕ ਸਲਾਮਤੀ ਲਈ ਬਿਜਲੀ ਬੰਦ ਕਰਨ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨਾ

ਬਿਜਲੀ ਕੱਟ ਲਗਾਉਣ ਦੀਆਂ ਘਟਨਾਵਾਂ ਦਾ ਦਾਇਰਾ ਛੋਟਾ ਕਰਕੇ, ਇਹਨਾਂ ਦੀ ਸਮਾਂ-ਮਿਆਦ ਘੱਟ ਕਰਕੇ ਅਤੇ ਇਹਨਾਂ ਨੂੰ ਗਾਹਕਾਂ ਲਈ ਵਧੇਰੇ ਚੁਸਤ ਬਣਾਕੇ, PG&E ਸਾਡੇ PSPS ਪ੍ਰੋਗਰਾਮ ਵਿੱਚ ਸੁਧਾਰ ਕਰਨ ਲਈ ਕੰਮ ਕਰ ਰਹੀ ਹੈ। ਸਾਡੇ ਭਾਈਚਾਰਿਆਂ ਵਿੱਚ PSPS ਦੇ ਪ੍ਰਭਾਵਾਂ ਨੂੰ ਘਟਾਉਣ ਲਈ PG&E ਕਈ ਸਾਰੇ ਸਰੋਤਾਂ ਦਾ ਸਹਾਰਾ ਲੈ ਰਹੀ ਹੈ।

## ਸਸ਼ਕਤੀਕਰਨ ਵਿੱਚ ਸੁਧਾਰ ਕਰਨਾ

PG&E ਕਈ ਸਾਰੇ ਸੁਧਾਰਾਂ ਵੱਲ ਕੰਮ ਕਰ ਰਹੀ ਹੈ ਜੋ PSPS ਘਟਨਾਵਾਂ ਨੂੰ ਭਾਈਚਾਰਿਆਂ ਦੇ ਕੁਝ ਭਾਗਾਂ ਵਾਸਤੇ ਘੱਟ ਅਸਰਦਾਰ ਬਣਾ ਸਕਦੇ ਹਨ, ਇਹਨਾਂ ਵਿੱਚ ਸ਼ਾਮਲ ਹਨ:

### ਸੈਕਸ਼ਨ-ਵੰਡ ਕਰਨਾ ਅਤੇ ਪੁਨਰ-ਸੰਰੂਪਣ

ਇਸ ਸਾਲ 600 ਤੋਂ ਵਧੇਰੇ ਸੈਕਸ਼ਨ-ਵੰਡ ਕਰਨ ਵਾਲੀਆਂ ਡੀਵਾਈਸਾਂ ਨੂੰ ਸਥਾਪਤ ਕਰਨਾ ਜੋ ਬਿਜਲੀ ਸਪਲਾਈ ਦੀ ਦਿਸ਼ਾ ਮੋੜਨ ਅਤੇ ਬਿਜਲੀ ਕੱਟਾਂ ਦੇ ਦਾਇਰੇ ਨੂੰ ਸੀਮਤ ਕਰਨ ਦੇ ਸਮਰੱਥ ਹਨ। ਅਸੀਂ ਆਪਣੇ ਗ੍ਰਿੱਡ ਦੇ ਸੰਰੂਪਣ ਦਾ ਵਿਸ਼ਲੇਸ਼ਣ ਵੀ ਕਰ ਰਹੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਦੀਆਂ PSPS ਘਟਨਾਵਾਂ ਦੌਰਾਨ ਅਸੀਂ ਘੱਟ ਤੋਂ ਘੱਟ ਸੰਭਵ ਗਾਹਕਾਂ 'ਤੇ ਅਸਰ ਪਾ ਰਹੇ ਹੋਈਏ।

### ਅਸਥਾਈ ਮਾਈਕਰੋਗ੍ਰਿੱਡ

ਸਬ-ਸਟੇਸ਼ਨਾਂ ਅਤੇ ਹੋਰ ਪੂਰਵ-ਨਿਰਧਾਰਤ ਟਿਕਾਣਿਆਂ ਤੋਂ ਸ਼ੁਰੂ ਕਰਕੇ ਅਸਥਾਈ ਮਾਈਕ੍ਰੋਗ੍ਰਿੱਡਾਂ ਸਥਾਪਤ ਕਰਨਾ ਜੋ PG&E ਨੂੰ ਕਿਸੇ PSPS ਘਟਨਾ ਦੌਰਾਨ ਅਸਥਾਈ ਬਿਜਲੀ ਉਤਪਾਦਨ ਦੀ ਵਰਤੋਂ ਕਰਕੇ ਸੁਰੱਖਿਅਤ ਤਰੀਕੇ ਨਾਲ ਬਿਜਲੀ ਪ੍ਰਦਾਨ ਕਰਾਉਣ ਦੇ ਯੋਗ ਬਣਾਵੇਗਾ। ਇਹਨਾਂ ਮਾਈਕਰੋਗ੍ਰਿੱਡਾਂ ਨੂੰ ਸਾਂਝੇ ਭਾਈਚਾਰਕ ਸਰੋਤਾਂ ਨੂੰ ਸੇਵਾਵਾਂ ਦੇਣ ਲਈ ਅਤੇ/ਜਾਂ ਭਾਈਚਾਰਿਆਂ ਦੇ ਕੁਝ ਭਾਗਾਂ ਵਿਚਲੇ ਵੱਡੀ ਗਿਣਤੀ ਦੇ ਗਾਹਕਾਂ ਨੂੰ ਲਾਭ ਪਹੁੰਚਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ ਜਿਨ੍ਹਾਂ ਨੂੰ PSPS ਘਟਨਾਵਾਂ ਦੌਰਾਨ ਊਰਜਾਸ਼ੀਲ ਕਰਨਾ ਸੁਰੱਖਿਅਤ ਹੈ।

### ਭਾਈਚਾਰਕ ਮਾਈਕ੍ਰੋਗ੍ਰਿੱਡ ਸਮਰੱਥੀਕਰਨ ਯੋਜਨਾ (Community Microgrid Enablement Program) (CMEP)

ਭਾਈਚਾਰਿਆਂ ਅਤੇ ਗਾਹਕਾਂ ਦੀ ਸਹਾਇਤਾ ਕਰਨ ਦੀ ਸਮਰੱਥਾ ਦੀ ਪੜਚੋਲ ਕਰਨਾ ਤਾਂ ਜੋ ਉਹਨਾਂ ਦੇ ਖੁਦ ਦੇ ਇੱਕ ਤੋਂ ਵਧੇਰੇ ਗਾਹਕਾਂ ਲਈ ਜਾਂ ਭਾਈਚਾਰਕ-ਪੱਧਰ ਦੇ ਮਾਈਕਰੋਗ੍ਰਿੱਡਾਂ ਦਾ ਵਿਕਾਸ ਕੀਤਾ ਜਾ ਸਕੇ। ਇਸ ਵਿੱਚ ਪ੍ਰੋਜੈਕਟ ਵਿਕਾਸ ਲਈ ਵਿਸਤਰਿਤ ਤਕਨੀਕੀ ਸਹਾਇਤਾ, ਪ੍ਰੋਜੈਕਟ ਔਜ਼ਾਰ ਅਤੇ ਕੁਝ ਮਾਮਲਿਆਂ ਵਿੱਚ, ਇੱਕ-ਮੁਸ਼ਤ ਮੇਲ ਖਾਂਦੇ ਫ਼ੰਡਾਂ ਰਾਹੀਂ ਸਰਪ੍ਰਸਤੀ ਦੇਣਾ ਸ਼ਾਮਲ ਹੋ ਸਕਦਾ ਹੈ। ਇਹ ਪ੍ਰੋਗਰਾਮ ਵਰਤਮਾਨ ਸਮੇਂ ਵਿਕਾਸ ਅਧੀਨ ਹੈ ਅਤੇ ਕੈਲੀਫੋਰਨੀਆ ਪਬਲਿਕ ਯੂਟਿਲਟੀਜ਼ ਕਮਿਸ਼ਨ (California Public Utilities Commission) (CPUC) ਦੁਆਰਾ ਮਨਜ਼ੂਰੀ ਅਜੇ ਵਿਚਾਰ-ਅਧੀਨ ਹੈ।

ਸਸ਼ਕਤੀਕਰਨ ਸਰੋਤਾਂ ਬਾਰੇ ਵਾਧੂ ਜਾਣਕਾਰੀ ਪਿਛਲੇ ਪਾਸੇ ਉਪਲਬਧ ਹੈ

## ਗਾਹਕਾਂ ਵਾਸਤੇ ਸਸ਼ਕਤੀਕਰਨ ਸਰੋਤ



ਅਸੀਂ ਭਵਿੱਖ ਦੇ PSPS ਪ੍ਰਭਾਵਾਂ ਨੂੰ ਸੀਮਤ ਕਰਨ ਲਈ ਵਿਅਕਤੀਗਤ ਗਾਹਕਾਂ ਨੂੰ ਹੱਲਾਂ ਦੀ ਪੇਸ਼ਕਸ਼ ਕਰਨ ਲਈ ਵੀ ਕੰਮ ਕਰ ਰਹੇ ਹਾਂ। ਇਹਨਾਂ ਵਿਚ ਸ਼ਾਮਲ ਹਨ:

- **ਸਵੈ-ਉਤਪਾਦਨ ਪ੍ਰੇਰਨਾ ਯੋਜਨਾ (Self-Generation Incentive Program) (SGIP)**

  ਇਹ ਗਾਹਕਾਂ ਨੂੰ ਆਪਣੀ ਜੰਗਲੀ ਅੱਗ ਤੋਂ ਸੁਰੱਖਿਆ ਸੰਬੰਧੀ ਯੋਜਨਾ ਵਿੱਚ ਬੈਟਰੀ ਸਟੋਰੇਜ ਸ਼ਾਮਲ ਕਰਨ ਦੁਆਰਾ ਕਿਸੇ PSPS ਘਟਨਾ ਦੌਰਾਨ ਬਿਜਲੀ ਸ਼ਕਤੀ ਦਾ ਵਿਸਤਾਰ ਕਰਨ ਦੇ ਯੋਗ ਬਣਾਉਂਦਾ ਹੈ। **ਆਮਦਨ, ਟਿਕਾਣਾ, ਡਾਕਟਰੀ ਲੋੜਾਂ ਅਤੇ ਬੀਤੇ ਸਮੇਂ ਵਿੱਚ PSPS ਘਟਨਾਵਾਂ ਦੇ ਆਧਾਰ ‘ਤੇ,** SGIP ਕਈ ਲਾਭਾਂ ਦੀ ਪੇਸ਼ਕਸ਼ ਕਰਦਾ ਹੈ ਤਾਂ ਜੋ ਅਸੁਰੱਖਿਅਤ ਗਾਹਕਾਂ ਵਾਸਤੇ ਬੈਟਰੀ ਅਤੇ ਇਸਨੂੰ ਸਥਾਪਤ ਕਰਨ ਦੀਆਂ ਲਾਗਤਾਂ ਨੂੰ 100% ਤੱਕ ਕਵਰ ਕੀਤਾ ਜਾ ਸਕੇ।

  **SGIP ਵਿੱਚ ਭਾਗੀਦਾਰੀ ਵਾਸਤੇ ਸੋਧਿਤ ਯੋਗਤਾਵਾਂ ਇਹ ਹਨ:**

  ✓ **ਇੱਕ ਡਾਕਟਰੀ ਬੇਸਲਾਈਨ ਗਾਹਕ ਹੋਣਾ ਜਾਂ PG&E ਨੂੰ ਕਿਸੇ ਅਜਿਹੀ ਡਾਕਟਰੀ ਹਾਲਤ ਬਾਰੇ ਸੂਚਿਤ ਕੀਤਾ ਹੋਣਾ ਜੋ ਬਿਜਲੀ ਸਪਲਾਈ ਚਲੀ ਜਾਣ ‘ਤੇ ਜੀਵਨ ਲਈ ਘਾਤਕ ਹੋ ਸਕਦੀ ਹੈ ਜਾਂ ਫਿਰ ਘੱਟ ਆਮਦਨ ਵਾਲੇ ਵਿਅਕਤੀ ਵਜੋਂ ਯੋਗਤਾ ਰੱਖਦੇ ਹੋਣਾ**

  ✓ **ਅਤੇ** ਕਿਸੇ ਟੀਅਰ 2 ਜਾਂ ਟੀਅਰ 3 ਅੱਗ ਦੇ ਉੱਚ ਖਤਰੇ ਵਾਲੇ ਜਿਲ੍ਹੇ ਵਿੱਚ ਰਹਿੰਦੇ ਹੋਣਾ ਜਾਂ ਬੀਤੇ ਸਮੇਂ ਵਿੱਚ ਦੋ ਜਾਂ ਦੋ ਤੋਂ ਵਧੇਰੇ ਵਾਰ ਕਿਸੇ PSPS ਘਟਨਾ ਦੌਰਾਨ ਬਿਜਲੀ ਸਪਲਾਈ ਗੁਆ ਚੁੱਕੇ ਹੋਣਾ।

  **ਵਧੇਰੇ ਜਾਣਕਾਰੀ ਵਾਸਤੇ** ਅਤੇ **SGIP ਲਾਭਾਂ ਵਾਸਤੇ ਅਰਜ਼ੀ ਦੇਣ ਲਈ**, ਰਿਹਾਇਸ਼ੀ ਗਾਹਕਾਂ ਨੂੰ **pge.com/pspsbattery** ‘ਤੇ ਜਾਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਵਧੇਰੇ ਜਾਣਕਾਰੀ ਵਾਸਤੇ **selfgenca.com/home/resources/** ‘ਤੇ SGIP ਹੈਂਡਬੁੱਕ ਦੇਖੋ।

- **ਅਪੰਗਤਾ ਆਫਤ ਪਹੁੰਚ ਅਤੇ ਸਰੋਤ ਪ੍ਰੋਗਰਾਮ (Disability Disaster Access and Resources Program)**

  PG&E ਕੈਲੀਫੋਰਨੀਆ ਫਾਊਂਡੇਸ਼ਨ ਫਾਰ ਇੰਡੀਪੈਂਡਅੰਟ ਲਿਵਿੰਗ ਸੈਂਟਰਜ਼ (California Foundation for Independent Living Centers) (CFILC) ਨਾਲ ਤਾਲਮੇਲ ਕਰ ਰਹੀ ਹੈ ਤਾਂ ਜੋ ਬਿਜਲੀ ਨਾਲ ਚੱਲਣ ਵਾਲੀਆਂ ਡਾਕਟਰੀ ਡੀਵਾਈਸਾਂ ਦੀ ਵਰਤੋਂ ਕਰਨ ਵਾਲੇ ਯੋਗ ਗਾਹਕਾਂ ਨੂੰ ਕਿਸੇ ਗ੍ਰਾਂਟ ਰਾਹੀਂ, ਪਟੇ ‘ਤੇ ਖਰੀਦਣ ਰਾਹੀਂ ਜਾਂ ਵਿੱਤੀ ਕਰਜ਼ੇ ਲਈ ਅਰਜ਼ੀ ਰਾਹੀਂ ਬੈਕਅੱਪ ਪੋਰਟੇਬਲ ਬੈਟਰੀਆਂ ਤੱਕ ਪਹੁੰਚ ਕਰਨ ਦੇ ਯੋਗ ਬਣਾਇਆ ਜਾ ਸਕੇ। ਇਸ ਪ੍ਰੋਗਰਾਮ ਰਾਹੀਂ ਚਲਾਏ ਗਏ ਵਾਧੂ ਸਰੋਤਾਂ ਵਿੱਚ ਸ਼ਾਮਲ ਹਨ:

  ਕਿਸੇ PSPS ਘਟਨਾ ਦੌਰਾਨ ਪਹੁੰਚਯੋਗ ਆਵਾਜਾਈ ਸਰੋਤ

  ਕਿਸੇ PSPS ਘਟਨਾ ਦੌਰਾਨ ਹੋਟਲ ਵਾਊਚਰ

  ਕਿਸੇ PSPS ਘਟਨਾ ਤੋਂ ਬਾਅਦ ਭੋਜਨ ਵਜ਼ੀਫੇ

  ਸੰਕਟਕਾਲ ਦੀ ਤਿਆਰੀ ਵਾਸਤੇ ਪਹੁੰਚ ਕਰਨਾ ਅਤੇ ਸਿੱਖਿਆ

  ਡਾਕਟਰੀ ਬੇਸਲਾਈਨ ਯੋਜਨਾ ਲਈ ਦਾਖਲੇ ਵਾਸਤੇ ਪਹੁੰਚ

  ਇਸ ਪ੍ਰੋਗਰਾਮ ਬਾਰੇ ਹੋਰ ਜਾਣਨ ਵਿੱਚ ਦਿਲਚਸਪੀ ਰੱਖਣ ਵਾਲੇ ਗਾਹਕਾਂ ਨੂੰ ਆਪਣੇ ਸਥਾਨਕ ਇੰਡੀਪੈਂਡਅੰਟ ਲਿਵਿੰਗ ਸੈਂਟਰ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਗਾਹਕ ਇੰਡੀਪੈਂਡਅੰਟ ਲਿਵਿੰਗ ਸੈਂਟਰਜ਼ ਦਾ ਟਿਕਾਣਾ **cfilc.org/find-ilc** ‘ਤੇ ਜਾਕੇ ਲੱਭ ਸਕਦੇ ਹਨ।

## ਹੋਰ ਜਾਣੋ

ਜੇ PG&E ਦੀਆਂ ਸਸ਼ਕਤੀਕਰਨ ਕੋਸ਼ਿਸ਼ਾਂ ਵਿੱਚੋਂ ਕਿਸੇ ਬਾਰੇ ਵੀ ਤੁਹਾਡੇ ਕੋਈ ਵਾਧੂ ਸਵਾਲ ਹਨ, ਤਾਂ ਕਿਰਪਾ ਕਰਕੇ **wildfiresafety@pge.com** ‘ਤੇ ਈਮੇਲ ਕਰੋ।

ਇਸ ਦਸਤਾਵੇਜ਼ ਵਿੱਚ ਸ਼ਾਮਲ ਕੀਤੇ ਗਏ ਕੁਝ ਕੁ ਉਪਾਵਾਂ ਨੂੰ ਵਾਧੂ ਸਾਵਧਾਨੀ ਵਾਲੇ ਉਪਾਵਾਂ ਵਜੋਂ ਸੋਚਿਆ ਗਿਆ ਹੈ ਜਿਨ੍ਹਾਂ ਪਿੱਛੇ ਇਰਾਦਾ ਜੰਗਲੀ-ਅੱਗਾਂ ਦੇ ਖਤਰੇ ਨੂੰ ਹੋਰ ਜ਼ਿਆਦਾ ਘਟਾਉਣਾ ਹੈ। “PG&E” ਤੋਂ ਭਾਵ ਹੈ Pacific Gas and Electric Company, ਜੋ PG&E Corporation ਦੀ ਇੱਕ ਸਹਾਇਕ ਕੰਪਨੀ ਹੈ। © 2020Pacific Gas and Electric Company. ਸਾਰੇ ਹੱਕ ਰਾਖ਼ਵੇਂ ਹਨ। CCC-0620-2522. 06/12/2020.